# 20 ਨਵੰਬਰ

ਬਹੁਤ ਪ੍ਰਤਿਭਾਸ਼ੀਲ ਅਤੇ ਸੁਹਿਰਦ ਕਲਾਕਾਰ ਰਾਣਾ ਰਣਬੀਰ ਦਾ ਨਾਵਲੈਟ '20 ਨਵੰਬਰ' ਪੜ੍ਹਨ ਨਾਲ ਮੇਰਾ ਉਸ ਪ੍ਰਤੀ ਪਿਆਰ ਕਈ ਗੁਣਾਂ ਵਧ ਗਿਆ ਹੈ। ਇਹ ਨਾਵਲ ਪੰਜਾਬ ਦੀਆਂ ਇੱਕੋ ਸਮੇਂ ਵਿਚਰ ਦੀਆਂ ਮੌਜੂਦਾ ਤਿੰਨ ਪੀੜ੍ਹੀਆਂ ਦੀ ਇਕ ਦੂਸਰੇ ਪ੍ਰਤੀ ਸਮਝ ਅਤੇ ਸੰਬੰਧਾਂ ਨੂੰ ਸਹਿਜ ਅਤੇ ਸਿਹਤਮੰਦ ਬਣਾਉਣ ਦਾ ਸੁਚੇਤ ਉਪਰਾਲਾ ਹੈ। ਇਸ ਵਿਚ ਨੌਜਵਾਨ ਮੁੱਖ ਪਾਤਰ ਦੇ ਜੀਵਨ ਦੇ ਸਿਰਫ਼ ਇਕ ਦਿਨ ਦਾ ਮੁਕੰਮਲ ਬਿਰਤਾਂਤ ਹੈ। ਇਸ ਬਿਰਤਾਂਤ ਵਿਚ ਲੇਖਕ ਨੇ ਪੰਜਾਬ ਦੇ ਵਿਕਾਸ ਅਤੇ ਵਿਨਾਸ਼ ਦਾ, ਚੰਗੇ ਮਾੜੇ ਅਧਿਆਪਕਾਂ ਦਾ, ਜਵਾਨ ਪੀੜ੍ਹੀ ਦੇ ਬਣਦੇ-ਟੁੱਟਦੇ ਸੰਬੰਧਾਂ ਦਾ, ਬਦਲਦੀਆਂ ਵਿਗੜਦੀਆਂ ਆਦਤਾਂ ਦਾ, ਮੁਕਾਬਲੇਬਾਜ਼ੀ ਅਤੇ ਸਹਿਯੋਗ ਦੀ ਭਾਵਨਾ ਦਾ, ਸੁਪਨਿਆਂ ਅਤੇ ਜਿੰਮੇਵਾਰੀਆਂ ਦਾ, ਖੁਸ਼ੀਆਂ ਅਤੇ ਪਰੇਸ਼ਾਨੀਆਂ ਦਾ, ਨਵੀਆਂ ਸੰਚਾਰ ਅਤੇ ਸੂਚਨਾ ਤਕਨੀਕਾਂ ਦੇ ਪਾਸਾਰ ਤੇ ਅਸਰ ਦਾ ਅਤੇ ਹੋਰ ਬਹੁਤ ਸਾਰੇ ਸਮਕਾਲੀ ਸਰੋਕਾਰਾਂ ਦਾ ਲੇਖਾ ਜੋਖਾ ਬੜੇ ਰੌਚਕ ਢੰਗ ਨਾਲ ਗੁੰਨ੍ਹਿਆਂ ਹੋਇਆ ਹੈ। ਜਵਾਨ ਹੋ ਚੁੱਕੇ ਅਤੇ ਜਵਾਨ ਹੋ ਰਹੇ ਪੰਜਾਬੀ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਦੇ ਪੜ੍ਹਨ ਵਾਲੀ ਇਹ ਅਸਲੋਂ ਅਧੁਨਿਕ ਕਿਰਤ ਹੈ।

**-ਜਸਵੰਤ ਜ਼ਫ਼ਰ**

ਇਹ ਨਾਵਲੈਟ ਆਪਣਾ ਹਰ ਵਾਅਦਾ ਪੂਰਾ ਕਰਦਾ ਹੈ। ਪੰਜਾਬੀ ਵਿੱਚ ਅਜਿਹੇ ਨਾਵਲ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਸੀ ਜਿਸ ਵਿੱਚ ਅਸਲੋਂ ਨਵੀਂ ਪੀੜ੍ਹੀ ਦੇ ਮੁੰਡੇ ਕੁੜੀਆਂ ਦੀ ਜੀਵਨ ਸ਼ੈਲੀ ਨੂੰ ਪੇਸ਼ ਕੀਤਾ ਗਿਆ ਹੋਵੇ। "20 ਨਵੰਬਰ" ਹਰ ਮੁੰਡੇ ਕੁੜੀ ਤੇ ਹਰ ਮਾਂ ਬਾਪ ਨੂੰ ਪੜ੍ਹਨਾ ਚਾਹੀਦਾ ਹੈ।

**-ਬਲਜਿੰਦਰ ਨਸਰਾਲੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ**

ਵੀਹ ਨਵੰਬਰ ਦੇ ਪਾਤਰ ਮੇਰੇ ਅੰਗ-ਸੰਗ ਵਿਚਰ ਰਹੇ ਨੇ। ਖ਼ੂਬਸੂਰਤ ਘਟਨਾਵਾਂ ਦੀ ਆਹਲਾ ਪੇਸ਼ਕਾਰੀ ਮੇਰੇ ਮਨ ਮਸਤਕ ਤੋਂ ਓਹਲੇ ਨਹੀਂ ਹੋ ਰਹੀ।

**-ਹਰਦੀਪ ਗਿੱਲ, ਰੰਗਕਰਮੀ ਅੰਮ੍ਰਿਤਸਰ**

20 ਨਵੰਬਰ ਨਾਵਲੈਟ ਜਵਾਨ ਹੋ ਰਹੀ ਪੀੜ੍ਹੀ ਲਈ ਸਾਹਿਤ ਵਿਚ ਦਿਲਚਸਪੀ ਪੈਦਾ ਕਰਨ ਲਈ ਲਿਖਿਆ ਗਿਆ ਹੈ। ਇਹ ਨਾਵਲੈਟ ਸਾਨੂੰ ਇਸ ਪੀੜ੍ਹੀ 'ਤੇ ਯਕੀਨ ਕਰਨਾ ਸਿਖਾਏਗਾ। ਲੇਖਕ ਨਵੀਂ ਪੀੜ੍ਹੀ ਦੁਆਰਾ ਸਾਡੀ ਅਖੌਤੀ ਨੈਤਿਕਤਾ ਨੂੰ ਚੈਲਿੰਜ ਕਰਾਉਂਦਾ ਹੋਇਆ ਦੋਸਤੀਆਂ, ਮੁਹੱਬਤਾਂ ਅਤੇ ਰਿਸ਼ਤਿਆਂ ਦੇ ਨਵੇਂ ਸਮੀਕਰਨਾਂ ਦੀ ਸਿਰਜਨਾ ਕਰਦਾ ਹੈ।

**-ਡਾ. ਨੀਤੂ ਅਰੋੜਾ, ਪੰਜਾਬ ਯੂਨੀਵਰਸਿਟੀ ਕਾਲਜ, ਘੁੱਦਾ**

20 ਨਵੰਬਰ ਪਹਿਲੀ ਕਿਤਾਬ ਹੈ ਜੋ ਮੈਂ ਪੜ੍ਹੀ। ਸਾਡੀ ਟੀਨਏਜਰ ਦੀ ਲਾਈਫ਼, ਸਾਡਾ ਸਲੈਂਗ ਕਮਾਲ ਦਾ ਲਿਖਿਆ ਤੁਸੀਂ। ਲਵ ਯੂ ਭਾਅ ਜੀ।

**-ਅਸੀਮ, ਵਿਦਿਆਰਥੀ ਫ਼ਿਰੋਜ਼ਪੁਰ**

ਰਾਣਾ ਰਣਬੀਰ

***ਲੇਖਕ ਦੀ ਹੋਰ ਪੁਸਤਕ***




ਕਾਵਿ ਸੰਗ੍ਰਹਿ


ISBN 935112002-3

*20 November* ₹ 125/-

**Chetna Parkashan**
Punjabi Bhawan, **Ludhiana**-141001
(Pb.) INDIA. Ph. 0161-2413613, 2404928
B.O. : Qila Road, Opp. Bus Stand, **Kotkapura**.
e-mail:chetnaparkashan@gmail.com
website: www.chetnaparkashan.com


